**ਮਾਡਲ ਟੈਸਟ ਪੇਪਰ**

**ਮੀਡੀਆ ਸਟੱਡੀਜ਼-XII**

2020-21

**ਸਮਾਂ: 3 ਘੰਟੇ** **ਲਿਖਤੀ : 80 ਅੰਕ**

**ਅੰਦਰੂਨੀ ਮੁਲਾਂਕਣ : 20 ਅੰਕ**

**ਕੁੱਲ : 100 ਅੰਕ**

1. ਪ੍ਰਸ਼ਨ ਪੱਤਰ ਵਿੱਚ ਕੁੱਲ 33 ਪ੍ਰਸ਼ਨ ਹਨ ਤੇ ਸਾਰੇ ਹੀ ਲਾਜ਼ਮੀ ਹਨ।
2. ਭਾਗ-I ਵਿੱਚ ਇੱਕ ਅੰਕ ਵਾਲੇ 20 ਪ੍ਰਸ਼ਨ ਹਨ ਜਿਨ੍ਹਾਂ ਵਿੱਚੋਂ 10 ਬਹੁ-ਚੋਣਵੇਂ ਅਤੇ 10 ਵਸਤੂਨਿਸ਼ਠ ਪ੍ਰਸ਼ਨ ਹਨ ਜੋ ਕਿ ਸਾਰੇ ਹੀ ਲਾਜ਼ਮੀ ਹਨ।
3. ਭਾਗ-II ਵਿੱਚ ਤਿੰਨ ਅੰਕ ਵਾਲੇ 05 ਪ੍ਰਸ਼ਨ ਹਨ ਤੇ ਸਾਰੇ ਲਾਜ਼ਮੀ ਹਨ। ਹਰ ਪ੍ਰਸ਼ਨ ਦਾ ਉੱਤਰ ਚਾਰ ਤੋਂ ਪੰਜ ਵਾਕਾਂ ਵਿੱਚ ਦਿੱਤਾ ਜਾ ਸਕਦਾ ਹੈ।
4. ਭਾਗ-III ਵਿੱਚ ਚਾਰ ਅੰਕ ਵਾਲੇ 5 ਪ੍ਰਸ਼ਨ ਹਨ ਤੇ ਅੰਦਰੂਨੀ ਚੋਣ ਦੀ ਸਹੂਲਤ ਹੈ। ਹਰ ਪ੍ਰਸ਼ਨ ਦਾ ਉੱਤਰ ਇੱਕ ਵੱਡੇ ਜਾਂ ਦੋ ਛੋਟੇ ਪੈਰ੍ਹਿਆਂ ਵਿੱਚ ਦਿੱਤਾ ਜਾ ਸਕਦਾ ਹੈ।
5. ਭਾਗ-IV ਵਿੱਚ ਦੋ ਵੱਡੇ ਉੱਤਰਾਂ ਵਾਲੇ ਪ੍ਰਸ਼ਨ ਹਨ ਜਿਨ੍ਹਾਂ ਵਿੱਚੋਂ ਹਰੇਕ ਦਾ ਉੱਤਰ ਘੱਟੋ-ਘੱਟ 300 ਸ਼ਬਦਾਂ ਦਾ ਹੋਣਾ ਚਾਹੀਦਾ ਹੈ।
6. ਭਾਗ-V ਵਿੱਚ ਸਰੋਤ ਅਧਾਰਤ ਪ੍ਰਸ਼ਨ ਹੈ। ਪਰੀਖਿਆਰਥੀਆਂ ਨੇ ਦਿੱਤੇ ਪੈਰ੍ਹੇ ਦੇ ਆਧਾਰ 'ਤੇ ਪ੍ਰਸ਼ਨਾਂ ਦੇ ਉੱਤਰ ਦੇਣੇ ਹਨ।

## ਪ੍ਰਸ਼ਨ ਪੱਤਰ

### ਭਾਗ-I (1×20=20)

**ਨੋਟ: ਹੇਠ ਲਿਖੇ ਬਹੁ-ਚੋਣਵੇਂ ਉੱਤਰਾਂ ਵਿੱਚੋਂ ਸਹੀ ਲੱਭ ਕੇ ਦੱਸੋ:**

1. ਕਿਹੜਾ ਅਖ਼ਬਾਰ ਪੰਜਾਬੀ ਦਾ ਪ੍ਰਥਮ ਅਖ਼ਬਾਰ ਮੰਨਿਆ ਜਾ ਸਕਦਾ ਹੈ?

(ੳ) ਰੋਜ਼ਾਨਾ ਅਜੀਤ (ਅ) ਗੁਰਮੁਖੀ ਅਖ਼ਬਾਰ
(ੲ) ਸਪੋਕਸਮੈਨ (ਸ) ਪੰਜਾਬੀ ਟ੍ਰਿਬਿਊਨ

2. ਹੇਠ ਲਿਖਿਆਂ ਵਿੱਚੋਂ ਕਿਹੜਾ ਇਲੈਕਟ੍ਰਾਨਿਕ ਮੀਡੀਆ ਨਾਲ ਵੀ ਸਬੰਧਤ ਹੈ?

(ੳ) ਮਿਡਲ (ਅ) ਫ਼ਰੰਟ ਪੇਜ
(ੲ) ਐਂਕਰ (ਸ) ਅਖ਼ਬਾਰ

3. 'ਦ ਟ੍ਰਿਬਿਊਨ' ਦੇ ਮੌਜੂਦਾ ਐਡੀਟਰ ਕੌਣ ਹਨ?

(ੳ) ਹਰੀਸ਼ ਖਰੇ (ਅ) ਸਵਰਾਜ ਬੀਰ ਸਿੰਘ
(ੲ) ਐਨ. ਰਾਮ (ਸ) ਰਾਮੇਸ਼ ਰਾਮਾਚੰਦਰਨ

4. ਰਵੀਸ਼ ਕੁਮਾਰ ਕਿਹੜੇ ਟੀ.ਵੀ. ਚੈਨਲ ਨਾਲ ਸਬੰਧਤ ਹੈ?

(ੳ) ਆਜ ਤੱਕ (ਅ) ਨੈੱਟਵਰਕ 18
(ੲ) ਇੰਡੀਆ ਟੀ ਵੀ (ਸ) ਐਨ ਡੀ ਟੀ ਵੀ

5. ZOOM, ਹੇਠ ਲਿਖਿਆਂ ਵਿੱਚੋਂ ਕੀ ਹੈ?

(ੳ) ਸੋਸ਼ਲ ਮੈਸੇਜਿੰਗ ਸਾਈਟ (ਅ) ਵੀਡਿਓ ਕਾਨਫ਼ਰੰਸਿੰਗ ਐਪ

(ੲ) ਕਿਤਾਬਾਂ ਵੇਚਣ ਲਈ ਸਾਈਟ (ਸ) ਇਨ੍ਹਾਂ ਵਿੱਚੋਂ ਸਾਰੇ ਹੀ

6. ਸੈੱਲ ਫ਼ੋਨ ਲਈ ਕਿਹੜਾ ਕਥਨ ਸਭ ਤੋਂ ਵੱਧ ਸਹੀ ਹੈ?

(ੳ) ਲੰਬਾ ਚੌੜਾ ਤੇ ਭਾਰਾ ਯੰਤਰ ਹੈ।

(ਅ) ਛੋਟਾ ਤੇ ਹੱਥ ਵਿੱਚ ਪੂਰਾ ਆਉਣ ਵਾਲਾ ਯੰਤਰ ਹੈ।

(ੲ) ਤਸਵੀਰਾਂ ਛਾਪਣ ਵਾਲਾ ਯੰਤਰ ਹੈ।

(ਸ) ਵੀਡਿਓ ਖੇਡਾਂ ਹੀ ਖੇਡਣ ਦਾ ਕੰਮ ਕਰਦਾ ਹੈ।

7. ਕਿਹੜੀ ਵੰਨਗੀ ਰਵਾਇਤੀ ਮੀਡੀਆ ਨਾਲ ਸਬੰਧਤ ਹੈ?

(ੳ) ਨੌਟੰਕੀ (ਅ) ਟੀ.ਵੀ.

(ੲ) ਅਖ਼ਬਾਰ (ਸ) ਯੂ-ਟਿਊਬ

8. ਕਿਹੜੀ ਫ਼ਿਲਮ ਨੌਜਵਾਨਾਂ ਦੇ ਵਿਦੇਸ਼ ਜਾਣ ਦੀ ਹੋੜ ਨਾਲ ਸਬੰਧਤ ਹੈ?

(ੳ) ਨਾਬਰ (ਅ) ਉੜਤਾ ਪੰਜਾਬ

(ੲ) ਦੇਸ ਹੋਇਆ ਪਰਦੇਸ (ਸ) ਪੀਪਲੀ ਲਾਈਵ

9. ਕਿਹੜੀ ਕਿਸਮ ਇਸ਼ਤਿਹਾਰਬਾਜ਼ੀ ਨਾਲ ਸਬੰਧਤ ਨਹੀਂ ਹੈ?

(ੳ) ਕਲਾਸੀਫ਼ਾਈਡ (ਅ) ਡਿਸਪਲੇਅ

(ੲ) ਕਲਾਸਿਕ (ਸ) ਡਿਸਪਲੇ-ਕਲਾਸੀਫ਼ਾਈਡ

10. ਭਾਰਤੀ ਸਿਨੇਮਾ ਦੀ ਪਹਿਲੀ ਫਿਲਮ ਹੇਠ ਲਿਖਿਆਂ ਵਿੱਚੋਂ ਕਿਹੜੀ ਹੈ?

(ੳ) ਜਨੂੰਨ (ਅ) ਏਕ ਓਂਕਾਰ

(ੲ) ਰਾਜਾ ਹਿੰਦੋਸਤਾਨੀ (ਸ) ਰਾਜਾ ਹਰੀਸ਼ਚੰਦਰ

ਨੋਟ: ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਤੋਂ ਇੱਕ ਵਾਕ ਵਿੱਚ ਦਿਓ:-

11. ਪੀ.ਟੀ.ਆਈ. ਦਾ ਪੂਰਾ ਨਾਮ ਕੀ ਹੈ?

12. ਭਾਰਤ ਦਾ ਪਹਿਲਾ ਅਖ਼ਬਾਰ ਕਿਹੜਾ ਹੈ?

13. ਫਿਲਮ ਮੜ੍ਹੀ ਦਾ ਦੀਵਾ ਵਿੱਚ ਜਗਸੀਰ ਦਾ ਰੋਲ ਕਿਸ ਅਦਾਕਾਰ ਨੇ ਕੀਤਾ ਸੀ?

14. ਮਨੋਰੰਜਕ ਜਾਣਕਾਰੀ (Infotainment) ਦੇਣ ਵਾਲੇ ਕਿਸੇ ਟੀਵੀ ਚੈਨਨ ਦਾ ਨਾਂ ਲਿਖੋ।

15. ਚੰਡੀਗੜ੍ਹ ਤੋਂ ਛਪਦੇ ਕਿਸੇ ਇੱਕ ਪੰਜਾਬੀ ਰੋਜ਼ਾਨਾ ਅਖ਼ਬਾਰ ਦਾ ਨਾਮ ਲਿਖੋ।

ਨੋਟ: ਖਾਲੀ ਥਾਵਾਂ ਭਰੋ:

16. ਜਗਜੀਤ ਸਿੰਘ ਅਨੰਦ ਤੇ ਜਤਿੰਦਰ ਪੰਨੂ ਅਖ਼ਬਾਰ __________ ਨਾਲ ਜੁੜੇ ਨਾਮ ਹਨ।

17. ਐੱਸ.ਐਮ.ਐੱਸ. ਤੋਂ ਭਾਵ ਹੈ; __________ ਮੈਸੇਜ ਸਰਵਿਸ।

18. ਪੱਤਰਕਾਰੀ ਨਾਲ ਸਬੰਧਤ ਇੱਕ ਹਿੰਦੀ ਫਿਲਮ ਦਾ ਨਾਂ __________ ਹੈ।

19. ਪੰਜਾਬੀ ਦੇ ਇੱਕ ਖੇਡ ਪੱਤਰਕਾਰ/ਮੀਡੀਆਕਾਰ ਦਾ ਨਾਂ __________ ਹੈ।

20. ਕਾਲਮ-ਸੈਂਟੀਮੀਟਰ, __________ ਮੀਡੀਆ ਵਿਚਲੇ ਇਸ਼ਤਿਹਾਰਾਂ ਦੀ ਮਿਣਤੀ ਕਰਨ ਵਾਲੀ ਇਕਾਈ ਹੈ।

**ਭਾਗ-II** (3×5=15)

ਨੋਟ: ਸਾਰੇ ਪ੍ਰਸ਼ਨ ਲਾਜ਼ਮੀ ਹਨ:

21. ਸੋਸ਼ਲ ਮੀਡੀਆ ਦੇ ਕਿਸੇ ਤਿੰਨ ਸਾਧਨਾਂ ਦੇ ਨਾਮ ਲਿਖੋ।

22. ਤਿੰਨ ਪੰਜਾਬੀ ਸਾਹਿਤਕਾਰ ਇਸਤਰੀਆਂ ਦੇ ਨਾਮ ਲਿਖੋ।

23. ਗਿਆਨੀ ਜਾਂ ਪ੍ਰੋਫੈਸਰ ਗੁਰਮੁੱਖ ਸਿੰਘ ਕੌਣ ਸਨ?

24. ਜਲੰਧਰ ਤੋਂ ਪ੍ਰਕਾਸ਼ਤ ਹੁੰਦੇ ਤਿੰਨ ਪੰਜਾਬੀ ਅਖ਼ਬਾਰਾਂ ਦੇ ਨਾਮ ਲਿਖੋ।

25. ਕੋਈ ਤਿੰਨ ਅੰਗਰੇਜ਼ੀ ਖ਼ਬਰ ਚੈਨਲਾਂ ਦੇ ਨਾਮ ਲਿਖੋ।

**ਭਾਗ-III** (4×5=20)

ਨੋਟ: ਸਾਰੇ ਪ੍ਰਸ਼ਨ ਲਾਜ਼ਮੀ ਹਨ। ਅੰਦਰੂਨੀ ਚੋਣ ਦੀ ਸਹੂਲਤ ਹੈ:-

26. ਰੇਡੀਓ ਦੇ ਅਖ਼ਬਾਰਾਂ ਦੇ ਮੁਕਾਬਲੇ ਕੋਈ ਦੋ ਵਖਰੇ ਗੁਣਾਂ ਦੀ ਵਿਆਖਿਆ ਕਰੋ।

ਜਾਂ

ਭਾਰਤੀ ਪੱਤਰਕਾਰੀ ਦੇ ਇਤਿਹਾਸ ਵਿੱਚ ਰਾਜਾ ਰਾਜਮੋਹਨ ਰਾਏ ਦਾ ਕੀ ਰੋਲ ਸੀ?

27. ਅਖ਼ਬਾਰ ਪੰਜਾਬੀ ਟ੍ਰਿਬਿਊਨ ਜਾਂ ਦੇਸ਼ ਸੇਵਕ ਦੀ ਛਪਣ ਸਮਗਰੀ 'ਤੇ ਇੱਕ ਨੋਟ ਲਿਖੋ।

ਜਾਂ

ਪੰਜਾਬੀ ਦੀਆਂ ਕਿਸੇ ਚਾਰ ਪ੍ਰਚਲਤ ਰੋਜ਼ਾਨਾ ਅਖ਼ਬਾਰਾਂ ਦੇ ਨਾਮ ਸੰਪਾਦਕਾਂ/ਮੁੱਖ ਸੰਪਾਦਕਾਂ ਦੇ ਨਾਮਾਂ ਸਮੇਤ ਲਿਖੋ।

28. ਟੈਲੀਵਿਜ਼ਨ ਉੱਤੇ ਪ੍ਰਸਾਰਤ ਹੁੰਦੇ ਕਿਸੇ ਹਾਸਰੱਸ ਪ੍ਰੋਗਰਾਮ ਉੱਤੇ ਨੋਟ ਲਿਖੋ।

ਜਾਂ

ਫ਼ਿਲਮ 'ਅਸੀਸ' ਦੀ ਕਹਾਣੀ ਬਾਰ ਇੱਕ ਨੋਟ ਲਿਖੋ।

29. I.I.M.C ਤੇ F.T.I.I ਬਾਰੇ ਚਾਰ-ਚਾਰ ਵਾਕਾਂ ਵਿੱਚ ਜਾਣ-ਪਛਾਣ ਕਰਵਾਓ।

ਜਾਂ

ਸੈੱਲ ਫ਼ੋਨ ਦੇ ਕੋਈ ਦੋ ਸਾਰਥਕ ਗੁਣ ਦੱਸੋ ਅਤੇ ਅਜੋਕੇ ਸਮੇਂ ਇਹ ਕਿਵੇਂ ਸਹਾਈ ਹੈ?

30. ਮੀਡੀਆ ਵਿੱਚ ਇਸ਼ਤਿਹਾਰਬਾਜ਼ੀ ਦੇ ਕੋਈ ਸਮਾਜਿਕ ਨੁਕਸਾਨ ਵੀ ਹੋ ਸਕਦੇ ਹਨ? ਚਰਚਾ ਕਰੋ।

ਜਾਂ

ਫੇਸਬੁੱਕ ਜਾਂ ਇੰਸਤਾਗ੍ਰਾਮ ਦੀ ਕਿਹੋ ਜਿਹੀ ਵਰਤੋਂ ਸਮਾਜ ਲਈ ਨੁਕਸਾਨਦੇਹ ਹੋ ਸਕਦੀ ਹੈ?

**ਭਾਗ-IV** (2×6=12)

ਨੋਟ: ਦੋਹੇਂ ਪ੍ਰਸ਼ਨ ਜ਼ਰੂਰੀ ਹਨ। ਅੰਦਰੂਨੀ ਚੋਣ ਦੀ ਸਹੂਲਤ ਹੈ:-

31. ਆਮ ਲੋਕਾਂ ਨੂੰ ਕੋਵਿਡ-19 ਬਾਰੇ ਜਾਗਰੂਕ ਕਰਨ ਵਿੱਚ ਮੀਡੀਆ ਦੀ ਭੂਮਿਕਾ ਬਾਰੇ ਚਰਚਾ ਕਰੋ।

ਜਾਂ

ਪੰਜਾਬੀ ਸਿਨੇਮਾ ਦੀਆਂ ਪ੍ਰਮੁੱਖ ਪ੍ਰਾਪਤੀਆਂ ਬਾਰੇ ਚਰਚਾ ਕਰੋ।

32. ਪੰਜਾਬ ਵਿੱਚ ਹਿੰਦੀ ਤੇ ਪੰਜਾਬੀ ਪੱਤਰਕਾਰੀ ਦਾ ਆਪਸੀ ਮੁਕਾਬਲਾ ਕਰੋ।

ਜਾਂ

ਪੰਜਾਬ ਦੇ ਵਿਕਾਸ ਵਿੱਚ ਅੰਗਰੇਜ਼ੀ ਤੇ ਪੰਜਾਬੀ ਪੱਤਰਕਾਰੀ ਵੱਲੋਂ ਪਾਏ ਗਏ ਯੋਗਦਾਨ ਦਾ ਮੁਕਾਬਲਾ ਕਰੋ।

**ਭਾਗ-V**

ਨੋਟ: ਸਰੋਤ ਅਧਾਰਤ ਪ੍ਰਸ਼ਨ:-

33. ਹੇਠ ਲਿਖੀ ਵਿਆਖਿਆ ਨੂੰ ਪੜ੍ਹ ਕੇ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:-

ਦੂਰਦਰਸ਼ਨ: ਇਹ ਲੋਕ ਚੈਨਲ ਹੈ ਜਿਸ ਨੂੰ ਭਾਰਤ ਸਰਕਾਰ ਵੱਲੋਂ ਸਥਾਪਤ ਪ੍ਰਸਾਰ ਭਾਰਤੀ ਬੋਰਡ ਚਲਾਉਂਦਾ ਹੈ। ਸਟੂਡੀਓ ਤੇ ਟਰਾਂਸਮੀਟਰਾਂ ਦੇ ਮੁੱਢਲੇ ਢਾਂਚੇ ਦੇ ਪੱਖੋਂ ਇਹ ਸੰਸਾਰ ਦੀ ਸਭ ਤੋਂ ਵੱਡੀ ਬਰਾਡਕਾਸਟਿੰਗ ਸੰਸਥਾ ਹੈ ਜਿਸ ਨੇ ਹਾਲ ਹੀ ਵਿੱਚ ਡਿਜਿਟਲ ਟਰਾਂਸਮੀਟਰ ਵੀ ਸਥਾਪਤ ਕੀਤੇ ਹਨ। ਦੂਰਦਰਸ਼ਨ ਦੀ ਸ਼ੁਰੂਆਤ ਬਹੁਤ ਹੀ ਸਧਾਰਨ ਜਿਹੀ ਸੀ ਜਦੋਂ ਸਤੰਬਰ 1959 ਵਿੱਚ ਦਿੱਲੀ ਵਿਖੇ ਇੱਕ ਆਰਜ਼ੀ ਸਟੂਡੀਓ ਅਤੇ ਛੋਟੇ ਜਿਹੇ ਟਰਾਂਸਮੀਟਰ ਦੀ ਸਹਾਇਤਾ ਨਾਲ ਟੈਲੀਕਾਸਟ ਦਾ ਅਰੰਭਿਆ ਗਿਆ ਸੀ। ਬਾਕਾਇਦਾ ਰੋਜ਼ਾਨਾ ਟਰਾਂਸਮਿਸ਼ਨ 1965 ਵਿੱਚ ਆਲ ਇੰਡੀਆ ਰੇਡੀਓ ਦੇ ਇੱਕ ਅੰਗ ਵਜੋਂ ਅਰੰਭ ਹੋਈ। ਸੰਨ 1972 ਵਿੱਚ ਟੈਲੀਵਿਜ਼ਨ ਸੇਵਾ ਮੁੰਬਈ (ਓਦੋਂ ਬੰਬਈ) ਤ ਅੰਮ੍ਰਿਤਸਰ ਜਾ ਪੁੱਜੀ। ਸੰਨ 1975 ਤੱਕ ਦੇਸ਼ ਦੇ 7 ਸ਼ਹਿਰਾਂ ਤੱਕ ਟੈਲੀਵਿਜ਼ਨ ਸੇਵਾ ਪੁੱਜ ਚੁੱਕੀ ਸੀ ਤੇ ਦੂਰਦਰਸ਼ਨ ਭਾਰਤ ਦਾ ਇਕਲੌਤਾ ਟੀ.ਵੀ. ਚੈਨਲ ਸੀ। ਟੈਲੀਵਿਜ਼ਨ ਸੇਵਾ ਦਾ ਰੇਡੀਓ ਨਾਲੋਂ ਤੋੜ-ਵਿਛੋੜਾ ਸੰਨ1976 ਵਿੱਚ ਹੋਇਆ ਤੇ ਆਲ ਇੰਡੀਆ ਰੇਡੀਓ ਤੇ ਦੂਰਦਰਸ਼ਨ ਦੇ ਵੱਖੋ-ਵੱਖਰੇ ਦਫ਼ਤਰ ਦਿੱਲੀ ਵਿੱਚ ਵੱਖੋ-ਵੱਖਰੇ ਡਾਇਰੈਕਟਰ ਜਨਰਲਾਂ ਦੇ ਅਧੀਨ ਪ੍ਰਬੰਧਾਂ ਹੇਠ ਸਥਾਪਤ ਕੀਤੇ ਗਏ। ਇਸ ਤਰ੍ਹਾਂ ਦੂਰਦਰਸ਼ਨ ਕੌਮੀ ਬਰਾਡਕਾਸਟਰ ਵਜੋਂ ਹੋਂਦ ਵਿੱਚ ਆਇਆ।

ਕੌਮੀ ਪ੍ਰਸਾਰਣ ਵਜੋਂ ਪ੍ਰੋਗਰਾਮ 1982 ਵਿੱਚ ਅਰੰਭ ਹੋਇਆ। ਉਸੇ ਸਾਲ ਰੰਗੀਨ ਟੀ.ਵੀ. ਭਾਰਤੀ ਬਜ਼ਾਰ ਵਿੱਚ ਪ੍ਰਗਟ ਹੋਇਆ ਹੈ ਤੇ 15 ਅਗਸਤ 1982 ਦੀ ਪਰੇਡ ਪਹਿਲਾ ਲਾਈਵ (ਸਿੱਧਾ) ਪ੍ਰਸਾਰਨ ਬਣਿਆ ਜਿਸ ਮਗਰੋਂ ਨੌਵੀਆਂ ਏਸ਼ਿਆਈ ਖੇਡਾਂ ਦਾ ਪ੍ਰਸਾਰਨ ਦਿੱਲੀ ਤੋਂ ਕੀਤਾ ਗਿਆ। 1980ਵਿਆਂ ਦਾ ਜ਼ਮਾਨਾ ਦੂਰਦਰਸ਼ਨ ਤੋਂ ਨਾਟ-ਪ੍ਰੋਗਰਾਮਾਂ ਦੇ ਅਰੰਭ ਦਾ ਸੀ। ਹਮ ਲੋਗ (1984), ਬੁਨਿਆਦ (1986-87), ਮਿਥਹਾਸਕ ਨਾਟ ਰਮਾਇਣ (1987-88) ਤੇ ਮਹਾਂਭਾਰਤ (1988-89) ਤਾਂ ਲੱਖਾਂ ਲੋਕਾਂ ਨੇ ਜਿਵੇਂ ਟੀ.ਵੀ. ਸਕਰੀਨਾਂ ਨਾਲ ਚਿੰਬੜ ਕੇ ਹੀ ਵੇਖੇ। ਦੂਰਦਰਸ਼ਨ ਦੇ ਹੋਰ ਹਰਮਨ ਪਿਆਰੇ ਪ੍ਰੋਗਰਾਮ ਰਹੇ; ਹਿੰਦੀ ਫਿਲਮੀ ਗੀਤ ਅਧਾਰਤ ਪ੍ਰੋਗਰਾਮ ਚਿੱਤਰਹਾਰ ਤੇ ਰੰਗੋਲੀ ਜਦੋਂ ਕਿ ਜਸੂਸੀ ਨਾਟ ਕਰਮਚੰਦ ਦਾ ਆਪਣਾ ਹੀ ਰੰਗ ਸੀ।

ਵਰਤਮਾਨ ਵਿੱਚ ਭਾਰਤ ਦੀ ਲਗਭਗ 90 ਫੀਸਦੀ ਵਸੋਂ ਤੱਕ, 140 ਟਰਾਂਸਮੀਟਰਾਂ ਜ਼ਰੀਏ ਦੂਰਦਰਸ਼ਨ (ਡੀ ਡੀ-1) ਦੇ ਪ੍ਰੋਗਰਾਮ ਪੁੱਜ ਸਕਦੇ ਹਨ ਤੇ ਦੂਰਦਰਸ਼ਨ ਦੇ 46 ਸਟੂਡੀਓ ਟੀ.ਵੀ. ਪ੍ਰੋਗਰਾਮਾਂ ਦਾ ਨਿਰਮਾਣ ਕਰ ਰਹੇ ਹਨ। ਇਸ ਵੇਲੇ ਦੂਰਦਰਸ਼ਨ ਦੇ 19 ਚੈਨਲ ਹਨ; 02 ਆਲ ਇੰਡੀਆ ਚੈਨਲ, 11 ਖੇਤਰੀ ਭਾਸ਼ਾ ਸੈਟੇਲਾਈਟ

ਚੈਨਲ (RLSC), 04 ਸਟੇਟ ਨੈੱਟਵਰਕਸ (SN), 01 ਕੌਮਾਂਤਰੀ ਚੈਨਲ, 01 ਖੇਡ ਚੈਨਲ ਤੇ 02 ਚੈਨਲ (DD-RS ਤੇ DD-LS) ਸੰਸਦੀ ਕਾਰਵਾਈਆਂ ਦੇ ਸਿੱਧੇ ਪ੍ਰਸਾਰਨ ਲਈ।

(i) ਮਿਲਾਨ ਕਰੋ:-

| ਕਾਲਮ-ਕ | ਕਾਲਮ-ਖ |
|---|---|
| 1. ਪ੍ਰਥਮ ਕੌਮੀ ਪ੍ਰੋਗਰਾਮ | ਤ. 1965 |
| 2. ਹਮ ਲੋਗ | ਥ. 1972 |
| 3. ਰਮਾਇਣ | ਦ. 1982 |
| 4. ਅੰਮ੍ਰਿਤਸਰ ਟੀ.ਵੀ. ਪ੍ਰਸਾਰਨ | ਧ. 1984 |
| 5. ਰੋਜ਼ਾਨਾ ਟਰਾਂਸਮਿਸ਼ਨ | ਨ. 1987 |

(ii) ਦੂਰਦਰਸ਼ਨ ਉੱਤੇ ਹਿੰਦੀ ਫ਼ਿਲਮੀ ਗੀਤਾਂ 'ਤੇ ਅਧਾਰਤ ਕਿਹੜੇ ਪ੍ਰੋਗਰਾਮ ਵਿਖਾਇ ਜਾਂਦੇ ਸਨ?

(iii) ਸੰਸਦੀ ਕਾਰਵਾਈਆਂ ਕਿਹੜੇ ਦੋ ਦੂਰਦਰਸ਼ਨ ਚੈਨਲਾਂ ਜ਼ਰੀਏ ਪ੍ਰਸਾਰਤ ਹੁੰਦੀਆਂ ਹਨ?

(iv) ਸੰਨ 1976 ਤੱਕ ਕਿਹੜੇ ਦੋ ਬਰਾਡਕਾਸਟਰਾਂ ਦੇ ਦਫ਼ਤਰ ਦਿੱਲੀ ਵਿੱਚ ਇੱਕਠੇ ਸਨ?

(v) ਭਾਰਤ ਵਿੱਚ ਟੀ.ਵੀ. ਦੀ ਤੇ ਰੰਗੀਨ ਟੀ.ਵੀ. ਦੀ ਸ਼ੁਰੂਆਤ ਕਦੋਂ-ਕਦੋਂ ਹੋਈਆਂ?

(5+2+2+2+2=13)